CHILDREN'S AID SOCIETY *of* TORONTO

LA SOCIÉTÉ DE L'AIDE *à* L'ENFANCE DE TORONTO



# ਬੱਚੇ ਸੀਏਐਸ (CAS) ਦੀ ਦੇਖਭਾਲ ਵਿੱਚ ਕਿਉਂ ਅਤੇ ਕਿਵੇਂ ਦਾਖਲ ਹੁੰਦੇ ਹਨ

ਓਨਟਾਰਿਓ ਵਿੱਚ ਬੱਚਿਆਂ ਨਾਲ ਬਦਸਲੂਕੀ, ਜਿਸ ਨੂੰ ਬੱਚਿਆਂ ਨਾਲ ਦੁਰਵਿਹਾਰ ਅਤੇ ਅਣਗਹਿਲੀ ਵੀ ਕਿਹਾ ਜਾਂਦਾ ਹੈ, ਦੀਆਂ ਰਿਪੋਰਟਾਂ ਦੀ ਛਾਣਬੀਣ ਕਰਨ ਦੀ ਜ਼ਿੰਮੇਵਾਰੀ ਚਿਲਡਰਨਜ਼ ਏਡ ਸੋਸਾਇਟੀਆਂ (ਸੀਏਐਸ) ਦੀ ਹੈ। ਕੈਨੇਡਾ ਵਿੱਚ,ਬੱਚਿਆਂ ਨਾਲ ਬਦਸਲੂਕੀ, ਦਾ ਸੰਕੇਤ ਆਮਤੌਰ ਤੇ 16 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਕਿਸ਼ੋਰ ਵਲ ਹੈ ਜੋ ਸੁਰੱਖਿਅਤ ਨਹੀਂ ਹਨ ਕਿਉਂਕਿ ਉਨ੍ਹਾਂ ਨੂੰ ਹਾਨੀ ਦਾ ਜੋਖਮ ਹੈ ਜਾਂ ਉਨ੍ਹਾਂ ਨੂੰ ਉਨ੍ਹਾਂ ਦੇ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲਿਆਂ ਦੁਆਰਾ ਨੁਕਸਾਨ ਪਹੁੰਚਾਇਆ ਗਿਆ ਹੈ। ਹਰ ਰੋਜ਼ ਸਾਡੀ ਏਜੰਸੀ ਨੂੰ ਸਮਾਜ ਵਿੱਚ ਕਿਸੇ ਬੱਚੇ ਦੀ ਸੁਰੱਖਿਆ ਬਾਰੇ ਚਿੰਤਾਵਾਂ ਦੇ ਨਾਲ 120 ਤੋਂ ਵੱਧ ਕਾਲਾਂ ਪ੍ਰਾਪਤ ਹੁੰਦੀਆਂ ਹਨ। ਬੱਚੇ ਦੀ ਸੁਰੱਖਿਆ ਬਾਰੇ ਕਾਲਾਂ ਆਮਤੌਰ ਤੇ ਹੇਠਾਂ ਦਿੱਤੀਆਂ ਸ਼੍ਰੇਣੀਆਂ ਹੇਠ ਆਉਂਦੀਆਂ ਹਨ: ਪਰਿਵਾਰਕ ਹਿੰਸਾ ਨਾਲ ਸੰਬੰਧਤ (35%), ਸਰੀਰਕ, ਭਾਵਾਤਮਕ ਜਾਂ ਲਿੰਗਕ ਹਾਨੀ ਦਾ ਸ਼ੱਕ (25%), ਵਸਤਾਂ ਦੇ ਦੁਰਉਪਯੋਗ ਜਾਂ ਮਾਨਸਿਕ ਸਿਹਤ ਸੰਬੰਧੀ ਮੁੱਦਿਆਂ ਦੇ ਨਾਲ ਸੰਘਰਸ਼ ਕਰ ਰਹੇ ਮਾਤਾ-ਪਿਤਾ ਜੋ ਉਨ੍ਹਾਂ ਦੀ ਉਨ੍ਹਾਂ ਦੇ ਬੱਚੇ ਦੀ ਦੇਖਭਾਲ ਕਰਨ ਦੀ ਕਾਬਲੀਅਤ ਵਿੱਚ ਖਲਲ ਪਾਉਂਦੇ ਹਨ (20%), ਬੱਚਿਆਂ ਦੀ ਅਣਗਹਿਲੀ (15%), ਅਤੇ ਮਾਤਾ ਜਾਂ ਪਿਤਾ ਅਤੇ ਕਿਸ਼ੋਰ ਦੇ ਵਿੱਚ ਟਕਰਾਅ ਜਿਹੜਾ ਕਿਸ਼ੋਰ ਨੂੰ ਖਤਰੇ ਵਿੱਚ ਪਾਉਂਦਾ ਹੈ ਜਾਂ ਮਾਤਾ ਜਾਂ ਪਿਤਾ ਉਨ੍ਹਾਂ ਦੇ ਬੱਚੇ ਨੂੰ ਸੁਰੱਖਿਅਤ ਨਹੀਂ ਰੱਖ ਸਕਦੇ ਕਿਉਂਕਿ ਕਿਸ਼ੋਰ ਦੇ ਆਪਣੇ ਵਿਵਹਾਰ ਉਨ੍ਹਾਂ ਨੂੰ ਜੋਖਮ ਵਿੱਚ ਪਾਉਂਦੇ ਹਨ (5%) । ਕਿਸੇ ਵੀ ਵਿਅਕਤੀ ਜਿਸ ਨੇ ਇੱਕ ਬੱਚੇ ਜਾਂ ਕਿਸ਼ੋਰ ਦੇ ਵਲੋਂ ਕਾਲ ਕੀਤੀ ਹੈ – ਦਾ ਧੰਨਵਾਦ। ਤੁਸੀਂ ਉਸ ਪਿੰਡ ਦਾ ਮਹੱਤਵਪੂਰਨ ਹਿੱਸਾ ਹੋ ਜਿਹੜਾ ਇੱਕ ਬੱਚੇ ਨੂੰ ਪਾਲਣ ਵਿੱਚ ਸਹਿਯੋਗ ਪਾਉਂਦਾ ਹੈ।

ਇੱਕ ਸੀਏਐਸ ਵਿੱਚ ਆਉਣ ਵਾਲੀਆਂ ਕਾਲਾਂ ਵਿੱਚੋਂ ਲਗਭਗ 80 ਪ੍ਰਤੀਸ਼ਤ ਕਾਲਾਂ ਜਿੰਨ੍ਹਾਂ ਦਾ ਨਤੀਜਾ ਛਾਣਬੀਣ ਹੁੰਦਾ ਹੈ 'ਪੇਸ਼ੇਵਰਾਂ', ਕੋਲੋਂ ਆਉਂਦੀਆਂ ਹਨ ਜਿੰਨ੍ਹਾਂ ਵਿੱਚ ਸ਼ਾਮਲ ਹਨ ਅਧਿਆਪਕ, ਪੁਲਿਸ, ਡਾਕਟਰ ਅਤੇ ਡੇ ਕੇਅਰ। ਬਾਕੀ ਦੀਆਂ 20 ਪ੍ਰਤੀਸ਼ਤ ਆਮਤੌਰ ਤੇ ਗੁਆਂਢੀਆਂ, ਪਰਿਵਾਰ, ਦੋਸਤਾਂ ਜਾਂ ਗੁਮਨਾਮ ਸ੍ਰੋਤਾਂ ਤੋਂ ਆਉਂਦੀਆਂ ਹਨ। ਅਸੀਂ ਜਾਣਦੇ ਹਾਂ ਕਿ ਲੋਕਾਂ ਵਾਸਤੇ ਇਹ ਕਾਲਾਂ ਕਰਨਾ ਅਸਾਨ ਨਹੀਂ ਹੈ, ਪਰ ਇਹ ਹਕੀਕਤ ਕਿ ਕਾਲਾਂ ਦੀ ਉਹ ਗਿਣਤੀ ਜੋ ਸਾਨੂੰ ਆਉਂਦੀਆਂ ਹਨ ਸਾਨੂੰ ਦਸਦੀ ਹੈ ਕਿ ਟੋਰੋਂਟੋ ਦੇ ਨਾਗਰਿਕ ਅਤੇ ਪੇਸ਼ੇਵਰ ਉਨ੍ਹਾਂ ਦੇ ਬੱਚਿਆਂ ਦੀ ਸੁੱਰਖਿਆ ਅਤੇ ਦੇਖਭਾਲ ਬਾਰੇ ਬਹੁਤ ਜਿਆਦਾ ਪਰਵਾਹ ਕਰਦੇ ਹਨ।

ਜਦੋਂ ਇੱਕ ਕਾਲ ਪ੍ਰਾਪਤ ਹੁੰਦੀ ਹੈ ਉਸ ਨੂੰ ਘੱਟੋਘੱਟ ਦੋ ਬੱਚਿਆਂ ਦੀ ਭਲਾਈ ਸੰਬੰਧੀ ਸਿਖਲਾਈ ਪ੍ਰਾਪਤ ਪੇਸ਼ੇਵਰਾਂ ਦੁਆਰਾ ਸਕ੍ਰੀਨ ਕੀਤਾ ਜਾਂਦਾ ਹੈ। ਪ੍ਰਾਂਤ ਦੁਆਰਾ ਮਿਆਰਬੰਦ ਕੀਤੇ ਗਏ ਮਾਪਦੰਡਾਂ ਦਾ ਇੱਕ ਸੈੱਟ ਵਰਤਦੇ ਹੋਏ ਉਹ ਸੁਣਦੇ ਹਨ ਅਤੇ ਖਾਸ ਪ੍ਰਸ਼ਨ ਪੁੱਛਦੇ ਹਨ ਜੋ ਉਨ੍ਹਾਂ ਨੂੰ ਬੱਚੇ ਨੂੰ ਖਤਰੇ ਦੇ ਸਤਰ ਅਤੇ ਇਹ ਨਿਰਧਾਰਤ ਕਰਨ ਵਿੱਚ ਸਹਾਇਤਾ ਕਰਦੇ ਹਨ ਜੇਕਰ ਇੱਕ ਰੱਖਿਆ ਛਾਣਬੀਣ ਦੀ ਲੋੜ ਹੈ। ਪਹੁੰਚ ਸਥਾਪਤ ਕੀਤੇ ਗਏ ਜੋਖਮ ਦੀ ਤੀਬਰਤਾ ਦੇ ਨਿਰਭਰ ਕਰਦੇ ਹੋਏ, ਕਾਲਾਂ ਨੂੰ 'ਫੌਰੀ' ਛਾਣਬੀਣ (12 ਘੰਟਿਆਂ ਦੇ ਅੰਦਰ) ਦੀ ਤਰ੍ਹਾਂ ਕੋਡ ਕੀਤਾ ਜਾਂਦਾ ਹੈ ਜੇ ਬੱਚੇ ਨੂੰ ਨੁਕਸਾਨ ਪਹੁੰਚਿਆ ਗਿਆ ਹੈ, ਜਾਂ 7 ਦਿਨਾਂ ਦੇ ਅੰਦਰ ਜੇ ਬੱਚੇ ਨੂੰ ਨੁਕਸਾਨ ਪਹੁੰਚਾਏ ਜਾਣ ਜਾ ਜੋਖਮ ਹੈ।

2014 ਵਿੱਚ, ਟੋਰੋਂਟੋ ਦੀ ਸੀਏਐਸ ਨੇ 7,052 ਛਾਣਬੀਣਾਂ ਪੂਰੀਆਂ ਕੀਤੀਆਂ। ਲਗਭਗ 2,300, ਜਾਂ ਬੱਚਿਆਂ ਦੇ 92 ਕਲਾਸਰੂਮਾਂ ਦੇ ਬਰਾਬਰ, ਨੂੰ ਬੱਚਿਆਂ ਨਾਲ ਬਦਸਲੂਕੀ ਦੀ ਪਰਿਭਾਸ਼ਾ ਵਿੱਚ ਫਿੱਟ ਹੋਣ ਜਾਂ ਉਨ੍ਹਾਂ ਦੇ ਮਾਤਾ-ਪਿਤਾ ਜਾਂ ਦੇਖਭਾਲ ਕਰਨ ਵਾਲੇ ਕੋਲੋਂ ਨੁਕਸਾਨ ਦੇ ਖਤਰੇ ਵਿੱਚ ਪਾਇਆ ਗਿਆ। ਜਨਤਕ ਸਮਝ ਇਹ ਹੈ ਕਿ ਸੀਏਐਸ (ਸਾਂ) ਉਨ੍ਹਾਂ ਦਆਰਾ ਛਾਣਬੀਣ ਕੀਤੇ ਜਾਣ ਵਾਲੇ ਜਿਆਦਾਤਰ ਬੱਚਿਆਂ ਨੂੰ ਦੇਖਭਾਲ (ਕੇਅਰ) ਵਿੱਚ ਲੈ ਆਉਂਦੀਆਂ ਹਨ। ਹਕੀਕਤ ਇਹ ਹੈ ਕੁਬੈਕ ਨੂੰ ਛੱਡ ਕੇ, ਬੱਚਿਆਂ ਦਾ ਦੇਖਭਾਲ ਵਿੱਚ ਦਾਖਲ ਹੋਣ ਦਾ ਰੇਟ 3 ਪ੍ਰਤੀਸ਼ਤ ਤੇ ਓਨਟਾਰਿਓ ਵਿੱਚ ਸਭ ਤੋਂ ਘੱਟ ਹੈ। ਇਸਦਾ ਮਤਲਬ ਹੈ ਕਿ ਸੀਏਐਸ ਦੁਆਰਾ ਛਾਣਬੀਣ ਕੀਤੇ ਜਾਣ ਵਾਲੇ 97 ਪ੍ਰਤੀਸ਼ਤ ਕੇਸਾਂ ਵਿੱਚ, ਬੱਚਾ ਉਨ੍ਹਾਂ ਪਰਿਵਾਰ ਦੇ ਨਾਲ ਹੀ ਰਹਿੰਦਾ ਹੈ ਅਤੇ ਉਨ੍ਹਾਂ ਦੀ ਸੁਰੱਖਿਆ ਨੂੰ ਸੁਨਿਸ਼ਚਿਤ ਕਰਨ ਵਾਸਤੇ ਇੱਕ ਯੋਜਨਾ ਵਿਕਸਤ ਕੀਤੀ ਜਾਂਦੀ ਹੈ। ਹਰ ਸੀਏਐਸ ਇਸ ਖੇਤਰ ਵਿੱਚ ਹੋਰ ਬਿਹਤਰ ਕਰਨ ਵਾਸਤੇ ਮਿਹਨਤ ਕਰ ਰਹੀ ਹੈ ਅਤੇ ਇਸ ਉਪਲਬਧੀ ਵਿੱਚ ਇੱਕ ਮੁੱਖ ਸਾਂਝੀਵਾਲ ਬੱਚੇ ਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਦਾ ਨਜ਼ਦੀਕੀ ਦਾਇਰਾ ਹੈ। ਇਹ ਦਾਦਾ-ਦਾਦੀ/ਨਾਨਾ-ਨਾਨੀ,ਆਂਟੀਆਂ ਅਤੇ ਅੰਕਲ, ਕੰਜ਼ਨ ਅਤੇ ਇਥੋਂ ਤੱਕ ਕੇ ਵੱਡੇ ਭੈਣ-ਭਰਾ (ਜਿਸ ਨੂੰ ਰਿਸ਼ਤੇਦਾਰੀ ਵਿੱਚ ਦੇਖਭਾਲ (ਕਿੰਨਸ਼ਿਪ ਕੇਅਰ) ਕਿਹਾ ਜਾਂਦਾ ਹੈ) ਦੇ ਨਾਲ ਨਾਲ ਕੋਚ, ਅਧਿਆਪਕ ਅਤੇ ਗੁਆਂਢੀ (ਜਿਸ ਨੂੰ ਵਿੱਚ ਜਾਣ ਪਛਾਣ ਦੇ ਲੋਕਾਂ ਦੁਆਰਾ ਦੇਖਭਾਲ (ਕਿਥ ਕੇਅਰ) ਕਿਹਾ ਜਾਂਦਾ ਹੈ)) ਹਨ ਜਿਹੜੇ ਬੱਚੇ ਨੂੰ ਜਾਣਦੇ ਹਨ ਅਤੇ ਜਿਹੜੇ ਉਸ ਬੱਚੇ ਦੀ ਦੇਖਭਾਲ ਕਰਨ ਦੀ ਪੇਸ਼ਕਸ਼ ਕਰਨ ਲਈ ਅਗੇ ਵਧਦੇ ਹਨ, ਸਮੇਂ ਦੀ ਛੋਟੀ ਜਾਂ ਲੰਮੀ ਮਿਆਦ ਲਈ। ਟੋਰੋਂਟੋ ਵਿੱਚ, ਸਾਨੂੰ ਬੱਚਿਆਂ ਅਤੇ ਕਿਸ਼ੋਰਾਂ ਨੂੰ ਉਨ੍ਹਾਂ ਦੇ ਪਰਿਵਾਰ ਅਤੇ ਉਨ੍ਹਾਂ ਦੇ ਸਮਾਜ ਵਿੱਚ ਰੱਖਣ ਵਿੱਚ ਸਾਡੀ ਸਹਾਇਤਾ ਕਰਨ ਵਾਸਤੇ ਇੰਨਾਂ ਰਿਸ਼ਤੇਦਾਰਾਂ ਅਤੇ ਜਾਣ ਪਛਾਣ ਦੇ ਲੋਕਾਂ ਦੇ ਰਿਸ਼ਤਿਆਂ ਦੀ ਸਖਤ ਲੋੜ ਹੈ।

ਜਦੋਂ ਇੱਕ ਬੱਚੇ ਨੂੰ ਇੱਕ ਸੀਏਐਸ ਦੀ ਦੇਖਭਾਲ ਵਿੱਚ ਦਾਖਲ ਹੋਣਾ ਹੀ ਪੈਂਦਾ ਹੈ, ਤਾਂ ਪਸੰਦੀਦਾ ਵਿਕਲਪ ਹਮੇਸ਼ਾ ਹੀ, ਫੌਸਟਰ (foster) ਪਰਿਵਾਰਾਂ ਸਮੇਤ, ਪਰਿਵਾਰ ਵਿੱਚ ਅਧਾਰਤ ਦੇਖਭਾਲ ਹੁੰਦਾ ਹੈ। ਫੌਸਟਰ (foster) ਪਰਿਵਾਰ ਉਸ ਪਿੰਡ ਦਾ ਜ਼ਰੂਰੀ ਹਿੱਸਾ ਹਨ ਜਿਹੜਾ ਉਸ ਵੇਲੇ ਸਾਡੇ ਬੱਚਿਆਂ ਦੀ ਦੇਖਭਾਲ ਕਰਨ ਵਿੱਚ ਸਹਾਇਤਾ ਕਰਦਾ ਹੈ ਜਦੋਂ ਉਹ ਆਪਣੇ ਪਰਿਵਾਰ ਨਾਲ ਨਹੀਂ ਰਹਿ ਸਕਦੇ। ਟੋਰੋਂਟੋ ਵਿੱਚ ਸਾਡੇ ਕੋਲ ਫੌਸਟਰ (foster) ਪਰਿਵਾਰਾਂ ਦੀ ਕਮੀ ਹੈ। ਇਸ ਦਾ ਮਤਲਬ ਹੈ ਕਿ ਸਾਡੀ ਦੇਖਭਾਲ ਵਿਚਲੇ ਕਿਸ਼ੋਰਾਂ ਦੀ ਕਾਫੀ ਸੰਖਿਆ ਵਾਸਤੇ, ਉਨ੍ਹਾਂ ਨੂੰ ਸ਼ਹਿਰ ਤੋਂ ਬਾਹਰ ਘਰਾਂ ਵਿੱਚ ਰਖਿਆ ਜਾਏਗਾ – ਉਨ੍ਹਾਂ ਦੇ ਪਰਿਵਾਰ, ਸਮਾਜ ਅਤੇ ਕੁਝ ਕੇਸਾਂ ਵਿੱਚ ਉਨ੍ਹਾਂ ਦੇ ਸਭਿਆਚਾਰ ਤੋਂ ਦੂਰ ਕਿਉਂਕਿ ਟੋਰੋਂਟੋ ਵਿੱਚ ਇੱਕ ਫੌਸਟਰ (foster) ਪਰਿਵਾਰ, ਰਿਸ਼ਤੇਦਾਰੀ ਵਾਲਾ ਜਾਂ ਜਾਣ ਪਛਾਣ ਦੇ ਲੋਕਾਂ ਵਾਲਾ ਇੰਤਜ਼ਾਮ ਉਪਲਬਧ ਨਹੀਂ ਹੈ। ਇਹ ਸਾਡੇ ਵਾਸਤੇ ਪਸੰਦੀਦਾ ਹੱਲ ਨਹੀਂ ਹੈ। ਟੋਰੋਂਟੋ ਦੇ ਬੱਚਿਆਂ ਅਤੇ ਕਿਸ਼ੋਰਾਂ ਨੂੰ ਉਨ੍ਹਾਂ ਦੇ ਪਿੰਡ ਵਿੱਚ ਦੇਖਭਾਲ ਦੀ ਲੋੜ ਹੈ। ਕਿਰਪਾ ਕਰਕੇ ਟੋਰੋਂਟੋ ਵਿੱਚ ਦੇਖਭਾਲ ਵਿਚਲੇ ਇੱਕ ਬੱਚੇ ਵਾਸਤੇ ਇੱਕ ਫੌਸਟਰ, ਕਿੰਨਸ਼ਿਪ ਜਾਂ ਕਿਥ ਮਾਤਾ-ਪਿਤਾ ਬਣਨ ਬਾਰੇ ਸੋਚੋ।

Punjabi